ਵੱਲੋਂ

ਨਿਰਦੇਸ਼ਕ ਖੋਜ
ਗੁਰੂ ਅੰਗਦ ਦੇਵ ਵੈਟੀ. ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ
ਲੁਧਿਆਣਾ।

ਵੱਲ

ਸ੍ਰੀ ਅਮਰੀਕ ਸਿੰਘ
ਪਿੰਡ ਤੇ ਡਾ: ਢੰਢਾਰੀ ਕਲਾਂ
ਮਕਾਨ ਨੰ. 1128, ਤਹਿਸੀਲ ਅਤੇ ਜਿਲਾ, ਲੁਧਿਆਣਾ।

ਮੀਮੋ ਨੰਬਰ / ਨਿਰਦੇਸ਼ਕ ਖੋਜ/14/2299-2319
ਮਿਤੀ: 12/06/2014,

ਵਿਸ਼ਾ: ਸ਼ਿਕਾਇਤ ਬਾਬਤ ਮਿਤੀ 01/01/2006 ਤੋਂ ਤਨਖਾਹ ਫਿਕਸ ਕਰਕੇ ਬਣਦਾ ਏਰੀਅਰ ਦੇਣ ਬਾਰੇ ਅਤੇ ਜਮੀਨ ਦੀ ਪਾਵਰ ਆਫ਼ ਅਟਾਰਨੀ ਵਾਪਿਸ ਕਰਵਾਉਣ ਬਾਰੇ।

ਉਪਰੋਕਤ ਵਿਸ਼ੇ ਤੇ ਆਪ ਦੁਆਰਾ 05/05/2014 ਦਾ ਪੱਤਰ ਜੋ ਕਿ ਮਾਨਯੋਗ ਉਪ-ਕੁਲਪਤੀ ਸਾਹਿਬ ਗੁਰੂ ਅੰਗਦ ਦੇਵ ਵੈਟੀ. ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਨੂੰ ਸਪੀਡ ਪੋਸਟ EP 28156757 IN ਰਾਹੀ ਭੇਜਿਆ ਗਿਆ ਇਸ ਡਾਇਰੈਕਟੋਰੇਟ ਵਿੱਚ ਪ੍ਰਾਪਤ ਹੋਇਆ ਹੈ।ਆਪ ਦੁਆਰਾ ਭੇਜੇ ਗਏ ਅਣਗਿਣਿਤ ਪੱਤਰਾਂ ਦਾ ਜੁਆਬ ਇਸ ਡਾਇਰੈਕਟੋਰੇਟ ਵੱਲੋ ਦਿੱਤਾ ਗਿਆ ਹੈ ਜਿਸ ਦਾ ਵੇਰਵਾ ਮਾਰਜਿਨ ਵਿੱਚ ਹੈ।

ਮੀਮੋ ਨੰ
4558-63, 26/09/2012
5038-41, 15/11/2012
5055-63, 19/11/2012
561-67, 04/02/2013
696-97, 14/02/2013
782-83, 26/02/2013
1549-51, 03/04/2013
2004-06, 10/05/2013
2079-80, 16/05/2013
2093-94, 17/05/2013
3526-43, 05/11/2013
4285-97, 20/12/2013
1671-85, 10/04/2014

ਆਪ ਦੇ ਪੱਤਰ ਜੋ ਕਿ ਇਸ ਯੂਨੀਵਰਸਿਟੀ ਅਤੇ ਇਸ ਡਾਇਰੈਕਟੋਰੇਟ ਨੂੰ ਸਮੇਂ ਸਮੇਂ ਸਿਰ ਪ੍ਰਾਪਤ ਹੋਏ ਹਨ। ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਆਪ ਨੂੰ ਸਾਰਾ ਬਣਦਾ ਬਕਾਇਆ ਦਿੱਤਾ ਜਾ ਚੁੱਕਾ ਹੈ ।ਅਲੱਗ ਅਲੱਗ ਪੱਤਰਾਂ ਵਿੱਚ ਆਪ ਵੱਲੋ ਉਠਾਏ ਗਏ ਨੁਕਤਿਆਂ ਦੇ ਯੂਨੀਵਰਸਿਟੀ ਅਤੇ ਇਸ ਡਾਇਰੈਕਟੋਰੇਟ ਦੁਆਰਾ ਦਿਤੇ ਗਏ ਜੁਆਬਾ ਦਾ ਵੇਰਵਾ ਹੇਠ ਲਿਖੇ ਅਨੁਸਰ ਆਪ ਜੀ ਦੀ ਜਾਣਕਾਰੀ ਹਿੱਤ ਹੈ ਜੀ:-

| Sr. No. | Query of Sh. Amrik Singh, Ex-Sr. Asstt. | Reply to the query of Sh. Amrik Singh, Ex-Sr. Asstt. |
|---|---|---|
| 1. | Counting/Adding of six year service (Animal Attendant) under Section: 10 the Punjab State Commission for Schedule Castes, Act 2004. | Sh. Amrik Singh joined the Department of Vety. Surgery & Radiology as Animal Attendant and worked on this post w.e.f. 06.01.1970 to 24.12.1975 and he resigned from this post. He was appointed fresh on the post of Clerk and joined on 01.02.1977 on the stop gap basis. Hence there is gap of service w.e.f. 25.12.1975 to 31.01.1977. Therefore there is no question of counting adding of six years service for which he was already been intimated by this office Memo No. 6355-61 dated 03.09.2007. |
| 2. | ACP 4,9,14 yearly increment arrears to be paid to me as early as possible. | Sh. Amrik Singh has already been paid arrear of ACP scheme on the completion of 4 years of service amounting to Rs. 9836/- |
| 3. | 14 months salary w.e.f. June 2009 to July, 2010. My Medical leaves/Medical certificates (advised rest) are lying in the office of Director of Research, GADVASU to release his 14 months salaries in NEW REVISED SCALES w.e.f. | He remained willfully absent from duty w.e.f. 09.06.2009 to 27.07.2010. A number of communication were made for remaining willfully absent and for this gross misconduct, but to no effect. Thus, his period of absence |

| | | |
|---|---|---|
| | in NEW REVISED SCALES w.e.f. 01.01.2006 under the Punjab Govt. rules. | effect. Thus, his period of absence was treated as EOL vide order Endst. No. 11505-512 dated 26.07.2010. |
| 4. | Annual increment Aug, 2009. Kindly add it with my salary and its arrears to be paid to me as early as possible. | His annual increment which was due on Aug, 2009 could not be implemented due to the reason that he remained willfully absent from duty for such a long period as mentioned in point no. 3 |
| 5. | Promotion under Reserve Quota (Scheduled Castes Community) under Punjab Govt. rules | Sh. Amrik Singh, Ex-Sr. Asstt. Was not promoted due to the adverse remarks recorded in the Confidential Report. |
| 6. | Leave Encashment. Kindly release & paid to me as early as possible as I am retired on 31.07.2010 after superannuation. | He has been paid leave encashment amounting to Rs. 2,08,168/- vide cheque No. 900874 dated 10.11.2010. |
| 7. | Gratuity. Kindly release and paid to me as early as possible as I am retired on 31.07.2010 | Gratuity paid to him amounting to Rs. 391947/- vide cheque no. 752906 dated 22.12.2010 |
| 8. | Contributory Provident Fund-A/C No. 10551. Kindly release and paid to me as early as possible please. | Contributory Provident Fund paid to him amounting to Rs. 762806/- vide cheque no. 804797 dated 24.02.2011. |
| 9. | Dearness Allowances fix with the salaries as per Punjab Govt. rules. | He has been paid dearness allowances as per Punjab Govt. rules |
| 10. | Pension | He has not opted for pension but opted for CPF and is not entitled for pension as per University rules. |
| 11. | Fix Medical Allowances w.e.f. March 2012 | He has been paid till date. |
| 12. | Expenditure on Speed Post and Tension | No Comments<br>(As advised to him so many times to desist from writing unnecessary correspondence, his genuine grievances if any, be settled amicably with this Directorate.) |
| 13. | Total Service | Reply given at Sr. No. 1 |

ਇਸ ਉਪਰੰਤ ਆਪ ਦਾ ਧਿਆਨ ਇਸ ਡਾਇਰੈਕਟੋਰੇਟ ਦੇ ਮੀਮੋ ਨੰਬਰ 3978-89ਮਿਤੀ 21/11/2013 ਵੱਲ ਦਿਵਾਉਂਦੇ ਹੋਏ ਫਿਰ ਦਸਿਆ ਜਾਂਦਾ ਹੈ ਕਿ ਆਪ ਦੁਆਰਾ ਦਰਸ਼ਾਏ ਗਏ ਨੁਕਤਿਆਂ

1. 01/01/2006 ਤੋਂ ਤਨਖਾਹ ਸੋਧੇ ਸਕੇਲਾਂ ਵਿੱਚ ਫਿਕਸ ਕਰਕੇ ਬਣਦਾ ਏਰੀਅਰ ਦੇ ਭੁਗਤਾਨ ਬਾਰੇ
2. ਪੁਰਾਣੀ ਸਰਵਿਸ ਕਾਊਂਟਿੰਗ/ ਐਡਿੰਗ ਕਰਨ ਬਾਰੇ
3. ਪੈਨਸ਼ਨ ਮਿਤੀ 01/08/2010 ਤੋ ਲਾਗੂ ਕਰਨ ਬਾਰੇ

ਰਿਟਾਇਰਮੈਂਟ ਦੀ ਅਦਾਇਗੀ ਨਵੇ ਸਕੇਲਾਂ 01/01/2006 ਤੋਂ ਦੇਣ ਬਾਰੇ ਦਾ ਜਵਾਬ ਅਮਰੀਕ ਸਿੰਘ ਨੂੰ ਉਪਰੋਕਤ ਮੀਮੋ ਨੰਬਰ ਰਾਹੀ ਦਿੱਤਾ ਜਾ ਚੁਕਿਆ ਹੈ।

ਉਪਰੋਕਤ ਨੁਕਤੇ ਇਸ ਡਾਇਰੈਕਟੋਰੇਟ ਨਾਲ ਸਬੰਧਿਤ ਹਨ। ਜਮੀਨ ਦੀ ਪਾਵਰ ਆਫ ਅਟਾਰਨੀ ਦਾ ਇਸ ਦਫਤਰ ਨਾਲ ਕੋਈ ਸਬੰਧ ਨਹੀਂ ਹੈ ਜੀ। ਇਹਨਾਂ ਮੁਦਿਆਂ ਨੂੰ ਆਪ ਦੀ ਤਸੱਲੀ ਮੁਤਾਬਿਕ ਨਜਿਠਣ ਲਈ ਇਸ ਡਾਇਰੈਕਟੋਰੇਟ ਨੇ ਇਕ ਕਮੇਟੀ ਦਾ ਗਠਨ ਕੀਤਾ ਹੈ। ਆਪ ਨੂੰ ਆਪਣੀ ਪਸੰਦ ਦੇ ਦੋ ਵਿਅਕਤੀ ਇਸ ਕਮੇਟੀ ਵਿੱਚ ਲਿਆਉਣ ਲਈ ਕਿਹਾ ਗਿਆ ਪ੍ਰੰਤੂ ਆਪ ਨੇ ਇਸ ਪਾਸੇ ਵੀ ਸਹਿਯੋਗ ਨਹੀਂ ਦਿੱਤਾ।

ਆਪ ਨੇ ਖੁਦ ਹੀ ਆਪਣੇ ਇਹਨਾਂ ਮੁੱਦਿਆਂ ਤੇ ਲੁਧਿਆਣਾ ਦੀ Industrial Tribunal Judicial Complex ਵਿੱਚ ਕੇਸ ਇਸ ਯੂਨੀਵਰਸਿਟੀ ਵਿਰੁੱਧ ਦਰਜ ~~ਕਰਵਾਇਆ~~ ਕੀਤਾ ਸੀ। ਯੂਨੀਵਰਸਿਟੀ ਨੇ ਵਕੀਲ ਸਹਿਬਾਨ engage ਕਰਕੇ ਆਪਣਾ ਪੱਖ ਜੱਜ ਸਾਹਿਬਾਨ ਸਾਹਮਣੇ ਰਖਿਆ। ਆਪ ਦੁਆਰਾ ਆਪਣਾ ਪੱਖ ਜੱਜ ਸਾਹਿਬ ਅੱਗੇ ਨਾ ਰੱਖਣ ਕਰਕੇ ਕੇਸ ਖਾਰਿਜ ਹੋਇਆ ਹੈ ਜੀ।

ਇਸ ਡਾਇਰੈਕਟੋਰੇਟ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਹੁਕਮਾਂ ਮੁਤਾਬਿਕ ਆਪ ਦੁਆਰਾ ਉਠਾਏ ਨੁਕਤਿਆਂ ਪ੍ਰਤੀ ਡਾਇਰੈਕਟੋਰੇਟ ਨਾਲ ਸਬੰਧਿਤ ਜਵਾਬ ਯੂਨੀਵਰਸਿਟੀ ਦੀ ਵੈਬਸਾਈਟ (ਨੈਟ) ਤੇ ਪਾ ਦਿੱਤਾ ਹੈ। ਇਹ ਵੀ ਆਪ ਦੀ ਸੂਚਨਾ ਹਿੱਤ ਹੈ ਜੀ।

ਆਪ ਆਪਣੇ ਪੱਤਰਾਂ ਵਿੱਚ ਕਦੇ ਹੜਤਾਲ ਅਤੇ ਕਦੇ ਭੁੱਖ ਹੜਤਾਲ ਦੀ ਧਮਕੀ ਦਿੰਦੇ ਹੋ, ਜਿਸ ਨਾਲ ਇਸ ਡਾਇਰੈਕਟੋਰੇਟ ਦੇ ਕੰਮ ਕਰਨ ਵਿੱਚ ਰੁਕਾਵਟ ਆਉਂਦੀ ਹੈ। ਦਫਤਰ ਦਾ ਮਹੌਲ ਸ਼ਾਤਮਈ ਬਣਾਈ ਰੱਖਣ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਤਰ੍ਹਾਂ ਦੇ ਬੇਲੋੜੇ ਪੱਤਰ ਵਿਹਾਰ ਕਰਨਾ ਬੰਦ ਕਰ ਦਿਓ। ਇਸ ਨਾਲ ਬੇਵਜਹ ਇਸ ਡਾਇਰੈਕਟੋਰੇਟ ਦੇ ਅਕਸ ਤੇ ਅਸਰ ਪੈਂਦਾ ਹੈ।

ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਵਾਰ ਵਾਰ ਆਪ ਨੂੰ ਇਸ ਦਫਤਰ ਨੇ ਉਪਰੋਕਤ ਮੁਦਿਆਂ ਬਾਬਤ ਤੱਥਾਂ ਸਮੇਤ ਲਿਖਤ ਰੂਪ/ ਜੁਬਾਨੀ ਤੌਰ ਤੇ ਦਸਿਆਂ ਹੈ ਕਿ ਇਸ ਦਫਤਰ ਵੱਲ ਆਪ ਦਾ ਕੋਈ ਬਕਾਇਆ ਨਹੀਂ ਰਹਿੰਦਾ ਹੈ ਜੀ। ਆਪ ਨੂੰ ਅਣਲੋੜੀਦਾ ਪੱਤਰ ਵਿਹਾਰ ਕਰਨ ਤੋਂ ਗੁਰੇਜ ਕਰਨ ਦੀ ਬੇਨਤੀ ਕੀਤੀ ਹੈ ਜੀ। ਪ੍ਰੰਤੂ ਆਪ ਲਗਾਤਾਰ ਉਚ ਸੰਸਥਾਵਾਂ/ ਅਧਿਕਾਰੀਆਂ ਨਾਲ ਪੱਤਰ ਵਿਹਾਰ ਕਰਦੇ ਆ ਰਹੇ ਹੋ, ਆਪ ਨੂੰ ਫਿਰ ਦੱਸਿਆਂ ਜਾਂਦਾ ਹੈ ਕਿ ਯੂਨੀਵਰਸਿਟੀ ਵੱਲ ਆਪ ਦਾ ਕੋਈ ਬਕਾਇਆ ਬਾਕੀ ਨਹੀਂ ਹੈ ਜੀ।

11/6

ਨਿਰਦੇਸ਼ਕ ਖੋਜ ,ਗਡਵਾਸੂ ਲੁਧਿਆਣਾ